BCM SCHOOL BASANT AVENUE
ਜਮਾਤ ਸੱਤਵੀਂ Punjabi Assignment

ਪ੍ਰਸ਼ਨ **1** ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।
ਗੁਰੂ ਜੀ ਬੜੀ ਸੋਚ ਪਿੱਛੋਂ ਇਸ ਸਿੱਟੇ 'ਤੇ ਪੁੱਜੇ ਕਿ ਤਾਲੀਮ ਹਾਸਲ ਕਰਨ ਦਾ ਸ਼ੌਕ ਸਿੱਖਾਂ ਵਿਚ ਆਮ ਹੋਣਾ ਚਾਹੀਦਾ ਹੈ। ਉਹ ਆਪ ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ ਤੇ ਪੰਜਾਬੀ ਤੇ ਉੱਚ ਵਿਦਵਾਨ ਸਨ। ਉਨ੍ਹਾਂ ਨੇ ਕਵੀ ਦਰਬਾਰਾਂ ਦਾ ਰਿਵਾਜ ਇਸ ਲਈ ਚਲਾਇਆ ਕਿ ਲੋਕਾਂ ਨੂੰ ਵਿੱਦਿਆ ਨਾਲ ਸ਼ੌਕ ਪੈਦਾ ਹੋ ਜਾਵੇ। ਇਨ੍ਹਾਂ ਦਰਬਾਰਾਂ ਵਿਚ ਬੜੀ ਉੱਚ-ਕੋਟੀ ਦੇ ਸ਼ਾਇਰ ਇਕੱਠੇ ਹੁੰਦੇ। ਕਵਿਤਾ ਅਤੇ ਲੇਖਣੀ ਦੇ ਮੁਕਾਬਲੇ ਹੁੰਦੇ। ਜਿਹੜੇ ਪਹਿਲੇ ਨੰਬਰਾਂ ਤੇ ਰਹਿੰਦੇ, ਉਨ੍ਹਾਂ ਨੂੰ ਗੁਰੂ ਦਰਬਾਰ ਤੋਂ ਸਿਰੋਪਾਉ ਤੇ ਇਨਾਮ ਮਿਲਦਾ।
ਗੁਰੂ ਜੀ ਨੇ ਆਪ-ਆਪਣੇ ਜੀਵਨ ਦੇ ਕੁਝ ਸਾਲ ਖ਼ਾਲਸਾ-ਪੰਥ ਸਜਾਉਣ ਤੋਂ ਪਹਿਲਾਂ ਇਕਾਂਤ ਵਿਚ ਪਹਾੜੀ ਟਿੱਲੇ ਪਰ ਗੁਜ਼ਾਰੇ ਸਨ। ਇਸ ਸਮੇਂ ਆਪ ਨੇ ਕਈ ਪੁਸਤਕਾਂ ਰਚੀਆਂ ਅਤੇ ਕਈ ਬਹੁ-ਮੁੱਲੇ ਹਿੰਦੀ ਤੇ ਸੰਸਕ੍ਰਿਤ ਗ੍ਰੰਥਾਂ ਦੇ ਤਰਜਮੇ ਕੀਤੇ ਤੇ ਹੋਰਾਂ ਤੋਂ ਵੀ ਕਰਵਾਏ। ਅਫ਼ਸੋਸ ਕਿ ਇਹ ਭਾਰੀ ਵਿੱਦਿਆ ਦਾ ਖ਼ਜ਼ਾਨਾ ਅਨੰਦਪੁਰ ਦੀ ਲੜਾਈ ਮਗਰੋਂ ਸਰਸਾ ਨਦੀ ਦੀ ਭੇਟ ਹੋ ਗਿਆ।
ਉੱਪਰ ਲਿਖੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

ਪ੍ਰਸ਼ਨ (ੳ) ਗੁਰੂ ਜੀ ਕਿਹੜੀ-ਕਿਹੜੀ ਭਾਸ਼ਾ ਦੇ ਵਿਦਵਾਨ ਸਨ?

ਪ੍ਰਸ਼ਨ (ਅ) ਕਵੀ ਦਰਬਾਰ ਕਿਹੜੇ ਉਦੇਸ਼ ਨਾਲ ਸ਼ੁਰੂ ਕੀਤੇ ਗਏ?

ਪ੍ਰਸ਼ਨ (ੲ) ਕਵੀਆਂ ਨੂੰ ਉਤਸ਼ਾਹਿਤ ਕਰਨ ਲਈ ਕੀ ਕੁੱਝ ਕੀਤਾ ਜਾਂਦਾ ਸੀ?

ਪ੍ਰਸ਼ਨ (ਸ) ਵਿੱਦਿਆ ਦਾ ਕਿਹੜਾ ਖ਼ਜ਼ਾਨਾ ਸਰਸਾ ਨਦੀ ਵਿਚ ਤਬਾਹ ਹੋ ਗਿਆ ?
ਪ੍ਰਸ਼ਨ **2** ਹੇਠਾਂ ਦਿੱਤੀ ਕਾਵਿ ਟੁੱਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਸਾਡੀ ਪਿੱਠ 'ਤੇ ਖੜ੍ਹਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਕਿੰਝ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ।
ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ,
ਕੋਇਲ ਆਣ ਕੇ ਓਸ ਥਾਂ ਚਹਿਕਦੀ ਹੈ।
ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,
ਓਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

ਪ੍ਰਸ਼ਨ 1. ਸਾਡੀ ਪਿੱਠ 'ਤੇ ਕੌਣ ਖੜ੍ਹਾ ਹੈ?
ਪ੍ਰਸ਼ਨ 2. ਸਾਨੂੰ ਕਿਸ ਦੇ ਰੰਗ 'ਤੇ ਮਾਣ ਹੈ?
ਪ੍ਰਸ਼ਨ 3. ਆਪਣੇ ਸੋਹਣੇ ਦੇਸ਼ ਦੀ ਇੱਕ ਮੰਗ 'ਤੇ ਅਸੀਂ ਕੀ ਕਰਨਾ ਜਾਣਦੇ ਹਾਂ?
ਪ੍ਰਸ਼ਨ 4. ਕੋਇਲ ਕਿਸ ਥਾਂ ਆ ਕੇ ਚਹਿਕਦੀ ਹੈ?
ਪ੍ਰਸ਼ਨ 5. ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹਦੀ ਹੈ ਉੱਥੇ ਕਿਹੜੀ ਫ਼ਸਲ ਮਹਿਕਦੀ ਹੈ?
ਪ੍ਰਸ਼ਨ **3** ਭਾਰਤ ਵਿੱਚ ਪ੍ਰਚਲਤ **22** ਭਾਸ਼ਾਵਾਂ ਵਿੱਚੋ ਕੋਈ ਦਸ ਭਾਸ਼ਾਵਾਂ ਦੇ ਨਾਮ ਲਿਖੋ।
ਪ੍ਰਸ਼ਨ **4** ਖਾਲੀ ਥਾਵਾਂ ਭਰੋ।
*ਬੋਲੀ ——---------- ਪ੍ਰਕਾਰ ਦੀ ਹੁੰਦੀ ਹੈ।
*ਲਿਖਤੀ ਬੋਲੀ—------------ ਬੋਲੀ ਵੀ ਅਖਵਾਉਂਦੀ ਹੈ।
*ਬੋਲ ਚਾਲ ਦੀ ਬੋਲੀ ਤੇ ਕਿਸੇ ਖਾਸ —---------- ਦੀ ਬੋਲੀ ਦਾ ਅਸਰ ਹੁੰਦਾ ਹੈ।
*ਲੁਧਿਆਣਾ, ਮੋਗਾ ਵਿੱਚ—---------- ਉਪ ਬੋਲੀ ਪ੍ਰਚਲਤ ਹੈ।
*ਬੱਟਾ ਤੇ ਬਾਜਾ —---------- ਦੇ ਲੋਕ ਬੋਲਦੇ ਹਨ।
ਪ੍ਰਸ਼ਨ **5** ਉਪ ਬੋਲੀ ਦੀ ਪਰਿਭਾਸ਼ਾ ਲਿਖੋ।
ਪ੍ਰਸ਼ਨ **6** ਹੇਠਾਂ ਦਿੱਤੀਆਂ ਭਾਸ਼ਾਵਾਂ ਦੇ ਪ੍ਰਦੇਸ਼ਾਂ ਦੇ ਨਾਮ ਲਿਖੋ।
ਬੰਗਾਲੀ, ਮਰਾਠੀ, ਕਸ਼ਮੀਰੀ, ਕੰਨੜ, ਅਸਾਮੀ
ਪ੍ਰਸ਼ਨ **7** ਬੋਲੀ ਦੀ ਪਰਿਭਾਸ਼ਾ ਲਿਖੋ।

ਪ੍ਰਸ਼ਨ **8** ਸਾਹਿਤਕ  ਭਾਸ਼ਾ ਕਿਹੜੀ ਹੁੰਦੀ ਹੈ**?**
ਪ੍ਰਸ਼ਨ **9** ਅੰਤਰਰਾਸ਼ਟਰੀ ਭਾਸ਼ਾ ਕਿਹੜੀ ਹੁੰਦੀ ਹੈ**?**
ਪ੍ਰਸ਼ਨ **10** ਮਾਂ ਬੋਲੀ ਕੀ ਹੁੰਦੀ ਹੈ**?**